### ਬੀ ਸੀ ਦੇ ਕਾਰੋਬਾਰਾਂ ਲਈ ਇਕੋ ਬਿਜ਼ਨਸ ਨੰਬਰ ਦੇ ਫਾਇਦੇ

## ਤੱਥ ਸ਼ੀਟ

ਸਿੰਗਲ ਬਿਜ਼ਨਸ ਨੰਬਰ (ਐੱਸ ਬੀ ਐੱਨ) ਪ੍ਰੋਜੈਕਟ, ਜੋ ਕਿ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ, ਕੈਨੇਡਾ ਰੈਵੇਨਿਊ ਏਜੰਸੀ (ਸੀ ਆਰ ਏ) ਅਤੇ ਹੋਰ ਸਰਕਾਰੀ ਏਜੰਸੀਆਂ ਦਾ ਇਕ ਸਾਂਝਾ ਉੱਦਮ ਹੈ, ਬੀ ਸੀ ਵਿਚ ਕਾਰੋਬਾਰ ਸ਼ੁਰੂ ਕਰਨ ਅਤੇ ਵਧਾਉਣ ਵੇਲੇ ਲੋੜੀਂਦੀ ਬਿਜ਼ਨਸ ਰਜਿਸਟਰੇਸ਼ਨ ਅਤੇ ਹੋਰ ਪ੍ਰਬੰਧਕੀ ਕਾਰਜਾਂ ਨੂੰ ਸਰਲ ਬਣਾਏਗਾ। ਭਵਿੱਖ ਵਿਚ, ਬਿਜ਼ਨਸ ਅਤੇ ਇਸ ਦੇ ਅਕਾਊਂਟਾਂ ਦੀ ਪਛਾਣ ਕਰਨ ਲਈ ਬੀ ਸੀ ਦੇ ਹਰ ਬਿਜ਼ਨਸ ਨੂੰ ਇਕ ਬਿਜ਼ਨਸ ਨੰਬਰ (ਬੀ ਐੱਨ) ਦਿੱਤਾ ਜਾਵੇਗਾ।

**ਬਿਜ਼ਨਸਾਂ ਲਈ ਸੁਧਰੀ ਸਰਵਿਸ**

ਬਿਜ਼ਨਸ ਦਾ ਕੋਈ ਮਾਲਕ ਹੁਣ ਇਕੋ ਵੇਲੇ ਇਕ ਵਿਲੱਖਣ ਪਛਾਣ ਨੰਬਰ ਨਾਲ ਇੰਟਰਨੈੱਟ ਤੇ ਚੋਣਵੇਂ ਪ੍ਰੋਗਰਾਮਾਂ ਲਈ ਰਜਿਸਟਰ ਹੋ ਸਕਦਾ ਹੈ, ਜਿਸ ਨਾਲ ਪ੍ਰਬੰਧਕੀ ਲਾਲ ਫੀਤਾਸ਼ਾਹੀ ਘਟਦੀ ਹੈ ਅਤੇ ਮਾਲਕਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੁੰਦੀ ਹੈ।

**ਕਈ ਤਰ੍ਹਾਂ ਦੀਆਂ ਸੇਵਾਵਾਂ ਤੱਕ ਸੌਖੀ ਪਹੁੰਚ**

ਨਵਾਂ ਉੱਦਮ, ਬਿਜ਼ਨਸਾਂ ਨੂੰ ਕਈ ਏਜੰਸੀਆਂ ਨਾਲ ਇਕੋ ਸਮੇਂ ਕਈ ਵੱਖ ਵੱਖ ਕਾਰਜ ਕਰਨ ਦੀ ਆਗਿਆ ਦਿੰਦਾ ਹੈ। ਬਿਜ਼ਨਸਾਂ ਦੇ ਮਾਲਕ ਇਹ ਚੀਜ਼ਾਂ ਕਰਨ ਦੇ ਯੋਗ ਹੋਣਗੇ:

- ਬਿਜ਼ਨਸ ਨੰਬਰ (ਬੀ ਐੱਨ) ਲੈਣਾ
- ਸੀ ਆਰ ਏ ਦੇ ਚਾਰ ਵੱਡੇ ਅਕਾਊਂਟਾਂ ਲਈ ਰਜਿਸਟਰ ਹੋਣਾ (ਜੀ ਐੱਸ ਟੀ/ਐੱਚ ਐੱਸ ਟੀ, ਕਾਰਪੋਰੇਟ ਇਨਕਮ ਟੈਕਸ, ਪੇਅਰੋਲ ਕਟੌਤੀਆਂ ਅਤੇ ਇਮਪੋਰਟ/ਐਕਸਪੋਰਟ ਟੈਕਸ)
- ਆਪਣੀ ਪ੍ਰੋਪਰਾਈਟਰਸ਼ਿਪ ਜਾਂ ਪਾਰਟਨਰਸ਼ਿਪ ਰਜਿਸਟਰ ਕਰਨਾ
- ਵਰਕਰਜ਼ ਕੰਪਨਸੇਸ਼ਨ ਬੋਰਡ (ਡਬਲਯੂ ਸੀ ਬੀ) ਨਾਲ ਅਕਾਊਂਟ ਖੋਲ੍ਹਣਾ
- ਸੂਬਾਈ ਸੇਲਜ਼ ਟੈਕਸ ਅਤੇ ਹੋਟਲ ਰੂਮ ਟੈਕਸ ਅਕਾਊਂਟਾਂ ਲਈ ਮਨਿਸਟਰੀ ਆਫ ਪ੍ਰੋਵਿੰਸ਼ੀਅਲ ਰੈਵੇਨਿਊ ਨਾਲ ਰਜਿਸਟਰ ਹੋਣਾ
- ਸੂਬੇ ਭਰ ਵਿਚ ਤਕਰੀਬਨ ਅੱਧੀਆਂ ਮਿਊਂਸਪਿਲਟੀਆਂ ਤੋਂ ਬਿਜ਼ਨਸ ਲਾਇਸੰਸ ਲੈਣਾ
- ਵੱਖ ਵੱਖ ਏਜੰਸੀਆਂ ਨਾਲ ਇਕੋ ਸਮੇਂ ਆਪਣਾ ਐਡਰੈਸ ਬਦਲਣਾ।

ਇਕ ਪਛਾਣ ਨੰਬਰ ਦੀ ਵਰਤੋਂ ਨਾਲ ਇੰਟਰਨੈੱਟ ਤੇ ਸੰਪੂਰਨ ਰਜਿਸਟਰੇਸ਼ਨ, ਬਿਜ਼ਨਸਾਂ ਲਈ ਇਕੋ ਜਾਣਕਾਰੀ ਵੱਖ ਵੱਖ ਪੱਧਰ ਦੀਆਂ ਸਰਕਾਰਾਂ ਨੂੰ ਵੱਖਰੇ ਤੌਰ ਤੇ ਪ੍ਰਦਾਨ ਕਰਨ ਦੀ ਲੋੜ ਖਤਮ ਕਰਦੀ ਹੈ।

**ਪ੍ਰਾਈਵੇਸੀ ਅਤੇ ਜਾਣਕਾਰੀ ਦੀ ਸੁਰੱਖਿਆ ਦੀ ਹਿਫਾਜ਼ਤ ਕੀਤੀ ਜਾਂਦੀ ਹੈ**

ਸਰਕਾਰ ਦੇ ਦੋਨੋਂ ਪੱਧਰ, ਪ੍ਰਾਈਵੇਸੀ, ਭੇਤਦਾਰੀ ਅਤੇ ਬਿਜ਼ਨਸ ਕਮਿਊਨਟੀ ਦੇ ਹੱਕਾਂ ਦਾ ਆਦਰ ਕਰਨ ਲਈ ਵਚਨਬੱਧ ਹਨ, ਭਾਵੇਂ ਜਾਣਕਾਰੀ ਕਿਸ ਤਰ੍ਹਾਂ ਵੀ ਦਿੱਤੀ ਜਾਂ ਲਈ ਜਾਵੇ। ਸਕਿਊਰਟੀ ਦੇ ਕਰੜੇ ਕਦਮ, ਜਾਣਕਾਰੀ ਦੀ ਭੇਤਦਾਰੀ ਅਤੇ ਬਿਜ਼ਨਸਾਂ ਦੀ ਪ੍ਰਾਈਵੇਸੀ ਦੀ ਰੱਖਿਆ ਕਰਨਗੇ।

**ਸਾਂਝੀਦਾਰੀ ਅਤੇ ਸਾਂਝਾ ਸੁਫਨਾ**

ਆਉਂਦੇ ਮਹੀਨਿਆਂ ਦੌਰਾਨ, ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ, ਬੀ ਐੱਨ ਦੀ ਵਰਤੋਂ ਹੋਰ ਸੂਬਾਈ ਵਿਭਾਗਾਂ ਅਤੇ ਏਜੰਸੀਆਂ ਵਿਚ ਪੜਾਵਾਰ ਲਾਗੂ ਕਰਨਾ ਜਾਰੀ ਰੱਖੇਗੀ। ਇਕੋ ਥਾਂ ਤੋਂ ਬਿਜ਼ਨਸ ਸੇਵਾਵਾਂ ਦੇਣ ਵਾਲੇ ਨਵੇਂ ਵੈੱਬਸਾਈਟ ਦਾ ਪਹਿਲਾ ਹਿੱਸਾ ਮਾਰਚ ਵਿਚ ਸ਼ੁਰੂ ਕੀਤਾ ਗਿਆ ਸੀ। ਐੱਸ ਬੀ ਐੱਨ ਪ੍ਰੋਜੈਕਟ ਬਾਰੇ ਤਾਜ਼ੀ ਜਾਣਕਾਰੀ ਲੈਣ ਲਈ ਅਤੇ ਇਹ ਜਾਣਨ ਲਈ ਕਿ ਇਸ ਦਾ ਤੁਹਾਨੂੰ ਕੀ ਫਾਇਦਾ ਹੋ ਸਕਦਾ ਹੈ, www.cse.gov.bc.ca/SBNP/ ਤੇ ਵੈੱਬਸਾਈਟ ਦੇਖੋ। ਸੀ ਆਰ ਏ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਹੋਰ ਜਾਣਕਾਰੀ ਲੈਣ ਲਈ www.cra.gc.ca. ਤੇ ਵੈੱਬਸਾਈਟ ਦੇਖੋ।